SDF-B-PNJB

ਪੰਜਾਬੀ / PUNJABI

ਪੇਪਰ II / Paper II

(ਸਾਹਿਤ) / (LITERATURE)

ਨਿਰਧਾਰਿਤ ਸਮਾਂ : **ਤਿੰਨ** ਘੰਟੇ *Time Allowed : **Three** Hours*	ਕੁੱਲ ਅੰਕ : **250** *Maximum Marks : **250***

ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ/ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।

Question Paper Specific Instructions

Please read each of the following instructions carefully before attempting questions :

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

The number of marks carried by a question/part is indicated against it.

*Answers must be written in **PUNJABI (Gurumukhi script)**.*

Word limit in questions, wherever specified, should be adhered to.

Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.

Optional Province · optionalprovince.com

SECTION A

Q1. ਹੇਠ ਲਿਖੇ ਪੰਜਾਂ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।
(ਸ਼ਬਦ ਸੀਮਾ : 150 ਹਰੇਕ) ***10×5=50***

(a) ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ।।
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ।। *10*

(b) ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ।।
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ।।
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ।।
ਆਦੇਸੁ ਤਿਸੈ ਆਦੇਸੁ ।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ।। *10*

(c) ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ।।
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ।।
ਕੂੜੁ ਸੁਇਨਾ ਕੂੜ ਰੁਪਾ ਕੂੜੁ ਪੈਨ੍ਹਣਹਾਰੁ ।।
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ।। *10*

(d) ਰਾਂਝਾ ਰਾਂਝਾ ਕਰਦੀ ਹੁਣ ਮੈਂ ਆਪੇ ਰਾਂਝਾ ਹੋਈ
ਸੱਦੋ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ
ਰਾਂਝਾ ਮੈਂ ਵਿਚ ਮੈਂ ਰਾਂਝੇ ਵਿਚ ਹੋਰ ਖ਼ਿਆਲ ਨਾ ਕੋਈ
ਮੈ ਨਾਹੀਂ ਉਹ ਆਪ ਹੈ ਅਪਣੀ ਆਪ ਕਰੇ ਦਿਲਜੋਈ । *10*

(e) ਰਾਂਝਾ ਆਖਦਾ ਇਹ ਜਹਾਨ ਸੁਫਨਾ, ਮਰ ਜਾਵਣਾ ਹੈ ਮਤਵਾਲੀਏ ਨੀ
ਤੁਸਾਂ ਜਿਹਿਆਂ ਪਿਆਰਿਆਂ ਇਹ ਲਾਜ਼ਮ, ਆਏ ਗਏ ਮੁਸਾਫਰਾਂ ਪਾਲੀਏ ਨੀ
ਏਡਾ ਹੁਸਨ ਦਾ ਨਾ ਗੁਮਾਨ ਕੀਜੈ, ਏਹ ਲੈ ਪਲੰਗ ਹਈ ਸਣੇ ਨਹਾਲੀਏ ਨੀ
ਅਸਾਂ ਰੱਬ ਦਾ ਆਸਰਾ ਰੱਖਿਆ ਏ, ਉਠ ਜਾਵਣਾ ਹੈ ਨੈਨਾਂ ਵਾਲੀਏ ਨੀ । *10*

Optional Province · optionalprovince.com

Q2. (a) 'ਇਸਲਾਮੀ ਪਿਛੋਕੜ ਦੇ ਬਾਵਜੁਦ ਸ਼ੇਖ਼ ਫ਼ਰੀਦ ਨੇ ਆਪਣੀ ਬਾਣੀ ਵਿਚ ਨੈਤਿਕਤਾ ਦੇ ਉਪਦੇਸ਼ ਲਈ ਪੰਜਾਬ ਦੇ ਸਥਾਨਕ ਸਭਿਆਚਾਰ ਦੀਆਂ ਰਹੁ-ਰੀਤਾਂ ਨੂੰ ਸੁਚੇਤ ਤੌਰ 'ਤੇ ਵਰਤਿਆ ਹੈ ।' ਇਸ ਕਥਨ ਬਾਰੇ ਟਿੱਪਣੀ ਕਰੋ । *20*

(b) 'ਜਪੁਜੀ' ਵਿਚ ਆਏ 'ਸਚਿਆਰ' ਪਦ ਤੋਂ ਕੀ ਭਾਵ ਹੈ ? ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਵਿਚ ਮਨੁੱਖ ਦੇ ਸਚਿਆਰ ਪਦ ਦਾ ਧਾਰਣੀ ਹੋਣ ਲਈ ਕਿਸ ਸਾਧਨਾ ਮਾਰਗ 'ਤੇ ਚੱਲਣ ਦਾ ਸੁਝਾਅ ਦਿੱਤਾ ਹੈ ? ਚਰਚਾ ਕਰੋ । *15*

(c) ਮੱਧਕਾਲੀ ਭਾਰਤੀ ਸਮਾਜ ਵਿਚ ਔਰਤ ਦੀ ਦਮਿਤ ਸਥਿਤੀ ਦੇ ਬਾਵਜੂਦ ਵਾਰਿਸਸ਼ਾਹ ਆਪਣੇ ਕਿੱਸੇ ਵਿਚ ਹੀਰ ਨੂੰ ਨਾਇਕ ਕਿਉਂ ਬਣਾਉਂਦਾ ਹੈ ? ਕਿੱਸਾ ਹੀਰ-ਰਾਂਝਾ ਦੇ ਹਵਾਲੇ ਨਾਲ ਵਾਰਿਸਸ਼ਾਹ ਦੀ ਦ੍ਰਿਸ਼ਟੀ ਬਾਰੇ ਚਰਚਾ ਕਰੋ । *15*

Q3. (a) ''ਸਾਈਂ ਬੁੱਲ੍ਹੇ ਸ਼ਾਹ ਦੇ ਕਲਾਮ ਵਿਚ 'ਇਸ਼ਕ' ਤੇ 'ਸ਼ਰ੍ਹਾ' ਦਾ ਵਿਰੋਧ ਮੱਧਕਾਲੀ ਭਾਰਤੀ ਸਮਾਜ ਵਿਚ ਧਾਰਮਿਕ ਸੰਸਥਾਵਾਂ ਵਿਚ ਆਏ ਨਿਘਾਰ ਨੂੰ ਉਜਾਗਰ ਕਰਦਾ ਹੈ । ਬੁੱਲ੍ਹੇ ਸ਼ਾਹ ਦਾ 'ਪ੍ਰੇਮ-ਨਗਰ' ਧਾਰਮਿਕ ਕਰਮਕਾਂਡ ਤੇ ਫ਼ਿਰਕੂ ਕੱਟੜਤਾ ਤੋਂ ਨਾਬਰੀ ਦਾ ਸੂਚਕ ਹੈ ।'' ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? *20*

(b) 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਆਪਣੇ ਸਮਕਾਲੀ ਸਮਾਜ ਦੀ ਧਾਰਮਿਕ, ਰਾਜਸੀ ਅਤੇ ਨੈਤਿਕ ਸਥਿਤੀ ਦਾ ਵਰਣਨ ਕਿਵੇ ਕਰਦੇ ਹਨ ? 'ਆਸਾ ਦੀ ਵਾਰ' ਵਿਚੋਂ ਉਦਾਹਰਨਾਂ ਦੇ ਕੇ ਸਪੱਸ਼ਟ ਕਰੋ । *15*

(c) ''ਸ਼ੇਖ਼ ਫ਼ਰੀਦ ਦੀ ਬਾਣੀ ਵਿਚ 'ਦਰਵੇਸ਼' ਦਾ ਸਬਰ ਸੰਤੋਖ ਵਾਲਾ ਸੰਜਮੀ ਜੀਵਨ ਉਸ ਵੇਲੇ ਦੀਆਂ ਹਾਕਮ ਤੇ ਕਾਬਜ਼ ਜਮਾਤਾਂ ਦੇ ਵਿਲਾਸੀ ਜੀਵਨ ਦੇ ਬਦਲ ਵਜੋਂ ਪੇਸ਼ ਹੋਇਆ ਹੈ ।'' ਸ਼ੇਖ਼ ਫ਼ਰੀਦ ਦੇ ਸ਼ਲੋਕਾਂ ਦੇ ਹਵਾਲੇ ਨਾਲ ਸਪੱਸ਼ਟ ਕਰੋ । *15*

Q4. (a) ''ਕਿੱਸਾ ਹੀਰ ਵਾਰਿਸ ਕੇਵਲ ਦੁਨਿਆਵੀ ਇਸ਼ਕ ਦੀ ਕਹਾਣੀ ਨਹੀ, ਇਹ ਮਨੁੱਖ ਦੀ ਰੂਹਾਨੀ ਅਮੀਰੀ ਅਤੇ ਸਮਾਜਕ ਅਨਿਆਂ ਵਿਰੁੱਧ ਨਾਬਰੀ ਦਾ ਬਿਰਤਾਂਤ ਹੈ ।'' ਇਸ ਕਥਨ ਬਾਰੇ ਚਰਚਾ ਕਰੋ । *20*

(b) ਗੁਰੂ ਨਾਨਕ ਰਚਿਤ 'ਬਾਰਹ ਮਾਹ' ਰਾਗੁ ਤੁਖਾਰੀ ਵਿਚ ਪ੍ਰਕਿਰਤਕ ਵਰਤਾਰਿਆਂ ਨੂੰ ਮਾਨਵੀ ਵੇਦਨਾ ਦੇ ਪ੍ਰਗਟਾ ਲਈ ਕਿਵੇਂ ਵਰਤਿਆ ਗਿਆ ਹੈ ? ਬਾਰਹ ਮਾਹ ਵਿਚੋਂ ਮਿਸਾਲਾਂ ਦੇ ਕੇ ਸਪਸ਼ਟ ਕਰੋ । *15*

(c) ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੇ ਪ੍ਰਤੀਕ-ਵਿਧਾਨ ਬਾਰੇ ਆਲੋਚਨਾਤਮਕ ਚਰਚਾ ਕਰੋ । *15*

Optional Province · optionalprovince.com

SECTION B

Q5. ਹੇਠ ਲਿਖੇ ਪੰਜਾਂ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।
(ਸ਼ਬਦ ਸੀਮਾ : 150 ਹਰੇਕ) ***10×5=50***

(a) ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ, ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ ।
ਚੜ੍ਹੇ ਸਭ ਮਝੈਲ, ਦੁਆਬੀਏ ਜੀ, ਜਿਨ੍ਹਾਂ ਕਿਲੇ ਨਿਵਾਏ ਨੇ ਢੇਰ ਮੀਆਂ ।
ਸ਼ਾਹ ਮੁਹੰਮਦਾ ਚੜ੍ਹੇ ਜਮੂਰ-ਖਾਨੇ, ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ । *10*

(b) ਇਕੋ ਰੁੱਖ ਦੇ ਟਾਹਣ ਹੋ ਤੁਸੀਂ ਤਿੰਨੇ
ਲੱਖ ਵੱਖਰਾ ਵੱਖਰਾ ਨਾਂ ਹੋਵੇ
ਰਲ ਕੇ ਬੈਠਿਆਂ ਆਪ ਵੀ ਸੁਖੀ ਵੱਸੇ
ਨਾਲ ਹੱਕ-ਹਮਸਾਏ ਨੂੰ ਛਾਂ ਹੋਵੇ । *10*

(c) ਮੇਰੇ ਸਿਰਤਾਜ ! ਮੈਨੂੰ ਆਪਣੇ ਇਸ ਚੰਚਲ ਮਨ ਉਤੇ ਭਰੋਸਾ ਨਹੀਂ ਰਿਹਾ । ਇਹ ਮੈਨੂੰ ਗੁੰਮਰਾਹੀ ਵਲ ਲੈ ਜਾਣ ਦਾ ਯਤਨ ਕਰਦਾ ਹੈ ਤੇ ਬਦਲੇ ਵੀ ਅੱਗ ਕਿਸੇ ਕਿਸੇ ਵੇਲੇ ਮੇਰੇ ਦਿਲ ਵਿਚ ਇਤਨੀ ਭਟਕ ਉਠਦੀ ਹੈ ਕਿ ਮੈਂ ਆਪਣੇ ਆਪ ਤੋਂ ਬਾਹਰ ਹੋ ਜਾਂਦੀ ਹਾਂ । ਸੋ ਮੇਰੀ ਹੁਣ ਤੁਹਾਡੇ ਪਾਸ ਇਹੋ ਬੇਨਤੀ ਹੈ ਕਿ ਮੈਨੂੰ ਆਪਣੇ ਹੁਕਮ ਵਿਚ ਚਲਾਓ ਤੇ ਆਪਣੇ ਹੀ ਸਾਏ ਹੇਠ ਰਖੋ । *10*

(d) ਕਲਾ ਮਨੁੱਖੀ ਦਿਲ ਦੀ ਜ਼ਬਾਨ ਹੈ, ਇਹਦੇ ਬਿਨਾਂ ਮਨੁੱਖੀ ਦਿਲ ਗੂੰਗਿਆਂ ਵਾਂਗ ਬੇ-ਤੌਰ ਭੌਰ ਹੋ ਜਾਂਦਾ ਹੈ । ਇਨਸਾਨ ਤੇ ਹੈਵਾਨ ਵਿਚ ਫ਼ਰਕ ਸਿਰਫ਼ ਕਲਾ ਦਾ ਹੈ । ਹੁਣ ਵੀ ਧਰਤੀ ਦੀਆਂ ਕਈ ਥਾਵਾਂ 'ਤੇ ਮਨੁੱਖੀ ਨਕਸ਼ਾਂ ਵਾਲੇ ਬੰਦੇ ਵਸਦੇ ਹਨ, ਜਿਨ੍ਹਾਂ ਨੂੰ ਅਜੇ ਕਲਾ ਦੀ ਕਰਾਮਾਤ ਪ੍ਰਾਪਤ ਨਹੀਂ ਹੋਈ, ਉਹ ਮਨੁੱਖੀ ਨਕਸ਼ਾਂ ਵਾਲੇ ਹੈਵਾਨ ਹਨ । *10*

(e) ਸੰਤੀ : ਮੱਚੇ ਹੋਏ ਲੋਹੇ ਦਾ ਬੂਰ ਉਡ ਉਡ ਕੇ ਤੇਰੇ ਸਰੀਰ ਵਿਚ ਰਚ ਗਿਐ । ਦਿਨ ਰਾਤ ਲੋਹਾ ਕੁਟਦੇ ਕੁਟਦੇ ਤੂੰ ਆਪ ਲੋਹਾ ਹੋ ਗਿਐਂ..... ਠੰਢਾ, ਬੇਕਿਰਕ, ਬੇਹਿੱਸ..... ਉੱਨੀ ਵਰ੍ਹੇ ਹਥੌੜੇ ਦੀਆਂ ਅੰਨ੍ਹੀਆਂ ਸੱਟਾਂ ਨੇ ਮੇਰੀ ਰੂਹ ਨੂੰ ਭੰਨ ਦਿਤਾ ਏ..... ਪੂਰੇ ਉੱਨੀ ਵਰ੍ਹੇ । *10*

Optional Province · optionalprovince.com

Q6. (a) ''ਪੰਜਾਬੀ ਕਥਾ-ਸਾਹਿਤ ਵਿਚ ਯਥਾਰਥ ਦੀ ਚਿੰਤਾ ਦਾ ਉਦੈ ਪਹਿਲੀਵਾਰ ਨਾਨਕ ਸਿੰਘ ਵਿਚ ਹੁੰਦਾ ਹੈ ।'' ਇਸ ਕਥਨ ਦੀ ਰੌਸ਼ਨੀ ਵਿਚ 'ਚਿੱਟਾ ਲਹੂ' ਤੇ 'ਇਕ ਮਿਆਨ ਦੋ ਤਲਵਾਰਾ' ਨਾਵਲਾਂ ਦੇ ਹਵਾਲੇ ਨਾਲ ਨਾਨਕ ਸਿੰਘ ਦੀ ਯਥਾਰਥਵਾਦੀ ਗਲਪ-ਦ੍ਰਿਸ਼ਟੀ ਬਾਰੇ ਚਰਚਾ ਕਰੋ । *20*

(b) 'ਮੇਰਾ ਰੂਸੀ ਸਫ਼ਰਨਾਮਾ' ਵਿਚ ਬਲਰਾਜ ਸਾਹਨੀ ਸੋਵੀਅਤ ਸੰਘ ਦੇ ਸਮਾਜਕ, ਆਰਥਿਕ ਅਤੇ ਰਾਜਸੀ ਪ੍ਰਬੰਧ ਨੂੰ ਕਿਸ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ ? ਉਦਾਹਰਣਾਂ ਸਹਿਤ ਸਪੱਸ਼ਟ ਕਰੋ । *15*

(c) ਸ਼ਾਹ ਮੁਹੰਮਦ ਰਚਿਤ 'ਜੰਗ ਸਿੰਘਾਂ ਤੇ ਫਰੰਗੀਆਂ' ਦੀ ਵਿਧਾ (Genre) ਦਾ ਨਿਰਣਾ ਕਰੋ । ਇਸ ਰਚਨਾ ਨੂੰ ਕਿੱਸਾ, ਵਾਰ ਜਾਂ ਜੰਗਨਾਮਾ ਵਿਚੋਂ ਕਿਹੜਾ ਨਾਮ ਦੇਣਾ ਉਚਿਤ ਹੈ ? ਦਲੀਲਾਂ ਨਾਲ ਆਪਣਾ ਪੱਖ ਸਪੱਸ਼ਟ ਕਰੋ । *15*

Q7. (a) ਪੰਜਾਬੀ ਸਾਹਿਤ-ਆਲੋਚਨਾ ਨੂੰ ਵਿਗਿਆਨਕ ਆਧਾਰ ਦੇਣ ਦਾ ਸਿਹਰਾ ਸੰਤ ਸਿੰਘ ਸੇਖੋਂ ਨੂੰ ਜਾਂਦਾ ਹੈ । 'ਸਾਹਿਤਿਆਰਥ' ਦੇ ਹਵਾਲੇ ਨਾਲ ਸੇਖੋਂ ਦੇ ਸਾਹਿਤ-ਸ਼ਾਸਤਰੀ ਚਿੰਤਨ ਬਾਰੇ ਚਰਚਾ ਕਰੋ । *20*

(b) '' 'ਮੇਰੀਆਂ ਅੱਭੁਲ ਯਾਦਾਂ' ਪੁਸਤਕ ਕੇਵਲ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਜੀਵਨ ਦਾ ਹੀ ਬਿਰਤਾਂਤ ਨਹੀਂ, ਸਗੋਂ ਇਸ ਵਿਚ ਉਸ ਦੇ ਦੌਰ ਦੇ ਕੌਮੀ ਤੇ ਕੌਮਾਂਤਰੀ ਜੀਵਨ ਵਿਚ ਆ ਰਹੇ ਪਰਿਵਰਤਨਾਂ ਦੀ ਵੀ ਟੋਹ ਮਿਲਦੀ ਹੈ ।'' ਪੁਸਤਕ ਵਿਚੋਂ ਹਵਾਲੇ ਦੇ ਕੇ ਸਪਸ਼ਟ ਕਰੋ । *15*

(c) ''ਨਾਨਕ ਸਿੰਘ ਪੰਜਾਬ ਦੇ ਸ਼ਹਿਰੀ ਮੱਧਵਰਗ ਦੇ ਜੀਵਨ ਦਾ ਚਿਤੇਰਾ ਹੈ ।'' 'ਪਵਿੱਤਰ ਪਾਪੀ' ਨਾਵਲ ਦੇ ਹਵਾਲੇ ਨਾਲ ਇਸ ਕਥਨ ਦੀ ਪੁਸ਼ਟੀ ਕਰੋ । *15*

Q8. (a) ''ਬਲਵੰਤ ਗਾਰਗੀ ਦੇ ਨਾਟਕਾਂ ਦੀਆਂ ਨਾਰੀ ਪਾਤਰ ਭਖਦੇ ਮਚਦੇ ਜਜ਼ਬੇ ਵਾਲੀਆਂ ਦਬੰਗ ਤੇ ਨਾਬਰ ਔਰਤਾਂ ਹਨ ।'' 'ਲੋਹਾ ਕੁੱਟ', 'ਧੂਣੀ ਦੀ ਅੱਗ' ਅਤੇ 'ਸੁਲਤਾਨ ਰਜ਼ੀਆ' ਨਾਟਕਾਂ ਦੇ ਪ੍ਰਸੰਗ ਵਿਚ ਚਰਚਾ ਕਰੋ । *20*

(b) ਕੀ ਬਲਰਾਜ ਸਾਹਨੀ ਰਚਿਤ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਸਾਹਿਤਕ ਪੱਖੋਂ ਸਫ਼ਲ ਰਚਨਾ ਹੈ ? ਇਕ ਸਫ਼ਰਨਾਮੇ ਵਜੋਂ ਇਸ ਦੀ ਪਰਖ ਪੜਚੋਲ ਕਰੋ । *15*

(c) ਧਨੀ ਰਾਮ ਚਾਤ੍ਰਿਕ ਦੀ ਉਦਾਰਵਾਦੀ-ਮਾਨਵਵਾਦੀ ਕਾਵਿ-ਦ੍ਰਿਸ਼ਟੀ ਬਾਰੇ 'ਸੂਫ਼ੀਖਾਨਾ' ਅਤੇ 'ਨਵਾਂ ਜਹਾਨ' ਕਾਵਿ-ਸੰਗ੍ਰਿਹਾਂ ਦੇ ਸੰਦਰਭ ਵਿਚ ਚਰਚਾ ਕਰੋ । *15*

Optional Province · optionalprovince.com